# ਵਿਅਕਤੀਗਤ ਅਤੇ ਪਰਿਵਾਰਿਕ ਸਮੱਸਿਆਵਾਂ ਲਈ ਬੱਚਿਆਂ ਨੂੰ ਸਲਾਹ ਦਿਓ

ਪ੍ਰਾਰਥਨਾ : ''ਪਿਆਰੇ ਪ੍ਰਭੂ, ਬੱਚਿਆਂ ਨੂੰ, ਪਰਿਵਾਰ ਦੇ ਮੈਂਬਰਾਂ ਨੂੰ, ਉਸੇ ਤਰ੍ਹਾਂ ਦਾ ਵਰਤਾਓ ਕਰਨ ਦੇਹ, ਜਿਵੇਂ ਯੂਸੁਫ਼ ਨੇ ਕੀਤਾ।''

ਇਨ੍ਹਾਂ ਸਿੱਖਣ ਵਾਲੀਆਂ ਗਤੀਵਿਧੀਆਂ ਵਿੱਚੋਂ ਕੋਈ ਚੁਣੋ, ਜਿਹੜੀ ਵਰਤਮਾਨ ਲੋੜਾਂ ਲਈ ਢੁੱਕਵੀਂ ਹੈ।

ਬੱਚਿਆਂ ਨੂੰ ਉਸੇ ਤਰ੍ਹਾਂ ਊਠਾਂ ਦੇ ਕਾਫਲੇ ਦਾ ਚਿੱਤਰ ਬਣਾਉਣ ਦਿਓ, ਜਿਹੜਾ ਯੂਸੁਫ਼ ਨੂੰ ਮਿਸਰ ਵਿੱਚ ਲੈ ਕੇ ਗਿਆ।



ਇੱਕ ਵੱਡੇ ਬੱਚੇ ਜਾਂ ਸਿੱਖਿਅਕ ਨੂੰ ਯੂਸੁਫ਼ ਅਤੇ ਉਸਦੇ ਭਰਾਵਾਂ ਦੀ, ਜਿਨ੍ਹਾਂ ਦੇ ਵੰਸ਼ ਇਸਰਾਏਲ ਦੇ ਕਬੀਲੇ ਬਣੇ, ਉਨ੍ਹਾਂ ਦੀ ਕਹਾਣੀ ਦੀ ਮੁੱਖ ਗੱਲ ਦੀ ਸੰਖੇਪ ਰੂਪ ਵਿੱਚ ਸਮੀਖਿਆ ਕਰਨ ਦਿਓ (**ਉਤਪਤ ਅਧਿਆਏ 37 ਅਤੇ 39 ਤੋਂ 46**):

- ਉਸਦੇ ਭਰਾ ਉਸਨੂੰ ਈਰਖਾ ਕਰਦੇ ਸਨ ਕਿਉਂਕਿ ਉਨ੍ਹਾਂ ਦੇ ਪਿਤਾ ਇਸਰਾਏਲ ਨੇ, ਜਿਸਨੂੰ ਯਾਕੂਬ ਵੀ ਕਿਹਾ ਜਾਂਦਾ ਹੈ ਯੂਸੁਫ਼ ਨੂੰ ਸੁੰਦਰ ਚੋਲਾ ਦਿੱਤਾ। (ਇਹ ਯੂਸੁਫ਼ ਮਰਿਯਮ ਦਾ ਪਤੀ ਨਹੀਂ ਸੀ।)
- ਉਹ ਯੂਸੁਫ਼ ਨੂੰ ਨਫ਼ਰਤ ਕਰਦੇ ਸਨ, ਕਿਉਂਕਿ ਉਸਨੇ ਸੁਫ਼ਨਾ ਵੇਖਿਆ ਸੀ ਕਿ ਉਹ ਉਸਦੇ ਅੱਗੇ ਝੁਕਣਗੇ।
- ਉਨ੍ਹਾਂ ਨੇ ਯੂਸੁਫ਼ ਨੂੰ ਮਾਰਨ ਦੀ ਸਾਜ਼ਸ਼ ਬਣਾਈ, ਪਰ ਇਸ ਦੀ ਬਜਾਏ, ਉਸਨੂੰ ਗੁਲਾਮ ਦੇ ਰੂਪ ਵਿੱਚ ਇਸਰਾਏਲੀਆਂ ਨੂੰ ਵੇਚ ਦਿੱਤਾ।
- ਪੋਟੀਫ਼ਰ, ਮਿਸਰ ਦੇ ਰਾਜੇ ਦਾ ਇੱਕ ਅਧਿਕਾਰੀ ਸੀ, ਉਸਨੇ ਯੂਸੁਫ਼ ਨੂੰ ਖਰੀਦ ਲਿਆ ਅਤੇ ਯੂਸੁਫ਼ ਨੇ ਬੁੱਧੀਮਾਨੀ ਨਾਲ ਪੋਟੀਫ਼ਰ ਦੀ ਸੇਵਾ ਕੀਤੀ।
- ਯੂਸੁਫ਼ ਨੇ ਆਪਣੇ ਨਾਲ ਅਨਿਆਏ ਹੋਣ ਦੇ ਬਾਅਦ, ਉਹ ਫ਼ਿਰਊਨ ਰਾਜੇ ਦੇ ਨਾਲ ਰਾਜ ਕਰਨ ਨੂੰ ਖੜ੍ਹਾ ਹੋਇਆ।
- ਅਕਾਲ ਪੈਣ ਦੇ ਦੌਰਾਨ , ਉਸਦੇ ਭਰਾ ਉਸ ਕੋਲੋਂ ਅੰਨ ਖਰੀਦਣ ਲਈ ਆਏ, ਪਰ ਉਨ੍ਹਾਂ ਉਸਨੂੰ ਨਾ ਪਛਾਣਿਆ।
- ਉਸਨੇ ਉਨ੍ਹਾਂ ਦਾ ਧੰਨ ਵਾਪਸ ਕਰ ਦਿੱਤਾ, ਪਰ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੇ ਛੋਟੇ ਭਰਾ ਬਿਨਯਾਮੀਨ ਤੋਂ ਬਿਨ੍ਹਾਂ ਵਾਪਸ ਨਾ ਜਾਣ।

ਜੋ ਯੂਸੁਫ਼ ਨੇ ਕੀਤਾ, ਜਦੋਂ ਉਸਦੇ ਭਰਾ ਛੋਟੇ ਭਰਾ ਬਿਨਯਾਮੀਨ ਨਾਲ ਮਿਸਰ ਨੂੰ ਵਾਪਸ ਗਏ, ਇਸ ਕਹਾਣੀ ਦੇ ਆਖ਼ਰੀ ਭਾਗ ਨੂੰ **ਉਤਪਤ 44 ਅਤੇ 45:1-5** ਵਿੱਚੋਂ ਦੱਸੋ ਜਾਂ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

ਪ੍ਰਸ਼ਨ : ਕਹਾਣੀ ਦੱਸਣ ਤੋਂ ਬਾਅਦ ਇਨ੍ਹਾਂ ਪ੍ਰਸ਼ਨਾਂ ਨੂੰ ਪੁੱਛੋ:

- ਯੂਸੁਫ਼ ਨੇ ਆਪਣੇ ਮੁਖ਼ਤਿਆਰ ਨੂੰ ਬਿਨਯਾਮੀਨ ਦੇ ਅੰਨ ਵਾਲੇ ਥੈਲੇ ਵਿੱਚ ਕੀ ਪਾਉਣ ਲਈ ਕਿਹਾ? (ਉਤ. 44:2 ਵੇਖੋ)
- ਜੇਕਰ ਕੋਈ ਚਾਂਦੀ ਦਾ ਪਿਆਲਾ ਚੋਰੀ ਕਰਦਾ ਸੀ ਤਾਂ ਉਸ ਲਈ ਕੀ ਸਜ਼ਾ ਸੀ? (ਉਤ. 44:10 ਵੇਖੋ)
- ਕੀ ਭਰਾਵਾਂ ਨੇ ਬਿਨਯਾਮੀਨ ਨੂੰ ਛੱਡ ਦਿੱਤਾ ਸੀ, ਜਿਵੇਂ ਉਨ੍ਹਾਂ ਨੇ ਯੂਸੁਫ਼ ਨਾਲ ਕੀਤਾ ਸੀ? (ਨਹੀਂ। ਉਤ. 44:33 ਵੇਖੋ)
- ਜੋ ਉਸਦੇ ਭਰਾਵਾਂ ਨੇ ਕੀਤਾ ਸੀ, ਕੀ ਉਨ੍ਹਾਂ ਨੂੰ ਇਸਦਾ ਅਫ਼ਸੋਸ ਸੀ? (ਹਾਂ, ਉਤ. 44:34 ਵੇਖੋ)

- ਜਦੋਂ ਯੂਸੁਫ਼ ਆਪਣੇ ਭਰਾਵਾਂ ਨਾਲ ਗੱਲਾਂ ਕਰ ਰਿਹਾ ਸੀ, ਉਸਨੇ ਕਿਵੇਂ ਮਹਿਸੂਸ ਕੀਤਾ? (ਉਤ. 45:2 ਵੇਖੋ)
- ਕੀ ਯੂਸੁਫ਼ ਨੇ ਆਪਣੇ ਭਰਾਵਾਂ ਨੂੰ ਮਾਫ਼ ਕੀਤਾ? (ਉਤ. 45:15-16 ਵੇਖੋ)

ਯੂਸੁਫ਼ ਅਤੇ ਉਸਦੇ ਭਰਾਵਾਂ ਦੀ ਕਹਾਣੀ ਦੇ ਭਾਗਾਂ ਨੂੰ **ਨਾਟਕ ਦੇ ਰੂਪ ਵਿੱਚ ਪੇਸ਼ ਕਰੋ**। ਮੰਡਲੀ ਦੇ ਅਰਾਧਨਾ ਆਗੂਆਂ ਨਾਲ ਬੱਚਿਆਂ ਲਈ ਇਸ ਨਾਟਕ ਨੂੰ ਪੇਸ਼ ਕਰਨ ਦਾ ਪ੍ਰਬੰਧ ਕਰੋ।

**ਵੱਡੇ ਬੱਚਿਆਂ** ਜਾਂ ਬਾਲਗਾਂ ਨੂੰ **ਕਥਾਵਾਚਕ, ਯਹੂਦਾਹ, ਮੁਖ਼ਤਿਆਰ** ਅਤੇ **ਯੂਸੁਫ਼** ਜਿਸ ਕੋਲ ਥੈਲਾ ਹੈ, ਬਣਨ ਦਿਓ।

**ਛੋਟੇ ਬੱਚਿਆਂ** ਨੂੰ **ਬਿਨਯਾਮੀਨ** ਅਤੇ ਹੋਰ ਦੂਜੇ ਭਰਾ ਬਣਨ ਦਿਓ। ਭਰਾਵਾਂ ਕੋਲ ਅੰਨ ਲਈ ਥੈਲੇ ਹੋਣ।

**ਕਥਾਵਾਚਕ** : ਉਤਪਤ 44:1-13 ਵਿੱਚੋਂ ਕਹਾਣੀ ਦਾ ਪਹਿਲਾ ਭਾਗ ਦੱਸੇ। ਫਿਰ ਕਹੇ, ''ਸੁਣੋ ਯੂਸੁਫ਼ ਆਪਣੇ ਮੁਖ਼ਤਿਆਰ ਨੂੰ ਕੀ ਕਹਿੰਦਾ ਹੈ?''

**ਯੂਸੁਫ਼**: ''ਮੁਖ਼ਤਿਆਰ, ਛੋਟੇ ਭਰਾ ਦੇ ਅੰਨ ਵਾਲੇ ਥੈਲੇ ਵਿੱਚ ਪਿਆਲਾ ਲੁਕਾ ਦੇ।''

**ਮੁਖ਼ਤਿਆਰ** : ਬਿਨਯਾਮੀਨ ਦੇ ਥੈਲੇ ਵਿੱਚ ਪਿਆਲੇ ਨੂੰ ਲੁਕਾਵੇ।

**ਭਰਾ** : (ਤੁਰਨ) ''ਪਰਮੇਸ਼ੁਰ ਦਾ ਧੰਨਵਾਦ! ਮਿਸਰੀਆਂ ਨੇ ਸਾਨੂੰ ਸਾਡੇ ਭੁੱਖੇ ਪਰਿਵਾਰਾਂ ਲਈ ਅੰਨ ਲੈ ਕੇ ਜਾਣ ਦਿੱਤਾ ਹੈ।''

**ਮੁਖ਼ਤਿਆਰ** : ਬਿਨਯਾਮੀਨ ਪਿੱਛੇ ਭੱਜੇ। ਕਹੇ, ''ਤੂੰ ਮੇਰੇ ਸਵਾਮੀ ਦਾ ਪਿਆਲਾ ਚੋਰੀ ਕੀਤਾ ਹੈ: ਵੇਖ, ਇਹ ਤੇਰੇ ਥੈਲੇ ਵਿੱਚ ਹੈ। ਤੈਨੂੰ ਗੁਲਾਮ ਬਣਕੇ ਇਸਦਾ ਮੁੱਲ ਅਦਾ ਕਰਨਾ ਪਵੇਗਾ!''

**ਭਰਾ** : ਉਦਾਸ ਹੋ ਕੇ ਵਾਪਸ ਜਾਣ। ਕਹੇ, ''ਹੁਣ ਅਸੀਂ ਗੁਲਾਮ ਬਣ ਜਾਵਾਂਗੇ।'' ''ਪਰਮੇਸ਼ੁਰ ਸਾਨੂੰ ਉਸ ਲਈ ਸਜ਼ਾ ਦੇ ਰਿਹਾ ਹੈ ਜੋ ਅਸੀਂ ਯੂਸੁਫ਼ ਨਾਲ ਕੀਤਾ ਹੈ।''

**ਕਥਾਵਾਚਕ** : ਉਤਪਤ 44:14-34 ਵਿੱਚੋਂ ਕਹਾਣੀ ਦਾ ਦੂਜਾ ਭਾਗ ਦੱਸੇ। ਕਹੇ, ਸੁਣੋ, ਯਹੂਦਾਹ ਯੂਸੁਫ ਨੂੰ ਕੀ ਕਹਿੰਦਾ ਹੈ।''

**ਯਹੂਦਾਹ** : ''ਮੇਰੇ ਸਵਾਮੀ, ਕਿਰਪਾ ਕਰਕੇ ਮੈਨੂੰ ਬਿਨਯਾਮੀਨ ਦੀ ਜਗ੍ਹਾ ਤੇ ਗੁਲਾਮ ਬਣਨ ਦਿਹ। ਜੇਕਰ ਬਿਨਯਾਮੀਨ ਮੇਰੇ ਪਿਤਾ ਕੋਲ ਨਹੀਂ ਜਾਵੇਗਾ ਤਾਂ ਉਹ ਬਹੁਤ ਉਦਾਸ ਹੋਵੇਗਾ!''

**ਕਥਾਵਾਚਕ** : ਉਤਪਤ 45:1-15 ਵਿੱਚੋਂ ਕਹਾਣੀ ਦਾ ਤੀਜਾ ਭਾਗ ਦੱਸੇ। ਕਹੇ, ''ਸੁਣੋ ਯੂਸੁਫ਼ ਕੀ ਕਹਿੰਦਾ ਹੈ।''

**ਯੂਸੁਫ਼** : ''ਮੇਰੇ ਭਰਾਵੋ, ਮੈਨੂੰ ਬਹੁਤ ਜਿਆਦਾ ਖੁਸ਼ੀ ਹੈ! ਪਰਮੇਸ਼ੁਰ ਨੇ, ਜੋ ਤੁਸੀਂ ਮੇਰੇ ਨਾਲ ਬੁਰਾ ਕੀਤਾ ਸੀ ਉਸ ਵਿੱਚੋਂ ਚੰਗਾਈ ਉਤਪੰਨ ਕੀਤੀ ਹੈ। ਉਹ ਮੈਨੂੰ ਤੁਹਾਡੀ ਅਤੇ ਤੁਹਾਡੇ ਪਰਿਵਾਰਾਂ ਦੀ ਦੇਖਭਾਲ ਕਰਨ ਲਈ ਲਿਆਇਆ ਹੈ। ਮੈਂ ਤੁਹਾਨੂੰ ਸਭਨਾਂ ਗੱਲਾਂ ਲਈ ਮਾਫ਼ ਕਰਦਾ ਹਾਂ।''

**ਕਥਾਵਾਚਕ ਜਾਂ ਵੱਡਾ ਬੱਚਾ** : ਜਿਨ੍ਹਾਂ ਨੇ ਮਦਦ ਕੀਤੀ, ਉਨ੍ਹਾਂ ਦਾ ਧੰਨਵਾਦ ਕਰੇ।

**ਪ੍ਰਸ਼ਨ ਪੁੱਛੋ**: ਜੇਕਰ ਬੱਚੇ ਇਸ ਕਹਾਣੀ ਨੂੰ ਬਾਲਗਾਂ ਲਈ ਨਾਟਕ ਦੇ ਰੂਪ ਵਿੱਚ ਪੇਸ਼ ਕਰਦੇ ਹਨ, ਉਨ੍ਹਾਂ ਨੂੰ ਬਾਲਗਾਂ ਕੋਲੋਂ ਉਹੋ ਪ੍ਰਸ਼ਨ ਪੁੱਛਣ ਦਿਓ, ਜਿਨ੍ਹਾਂ ਦੀ ਸੂਚੀ ਉੱਪਰ ਦਿੱਤੀ ਗਈ ਹੈ।

ਕਾਗਜ ਦੇ ਛੋਟੇ ਟੁਕੜਿਆਂ ਤੇ ਉਨ੍ਹਾਂ ਗੱਲਾਂ ਨੂੰ **ਲਿਖ ਲਓ**, ਜੋ ਪਰਿਵਾਰ ਦੇ ਮੈਂਬਰ ਕਰਦੇ ਹਨ ਜਿਹੜੀਆਂ ਇੱਕ ਦੂਜੇ ਦਾ ਦਿਲ ਦੁਖਾਉਂਦੀਆਂ ਹਨ।

ਇਨ੍ਹਾਂ ਕਾਗਜ ਦਿਆਂ ਟੁਕੜਿਆਂ ਨੂੰ ਪਿਆਲੇ ਵਿੱਚ ਪਾ ਦਿਓ ਅਤੇ ਪਰਮੇਸ਼ੁਰ ਨੂੰ ਇਨ੍ਹਾਂ ਬੁਰੀਆਂ ਗੱਲਾਂ ਨੂੰ ਮਾਫ਼ ਕਰਨ ਲਈ ਕਹੋ।

ਕਾਗਜਾਂ ਨੂੰ ਇਹ ਵਿਖਾਉਣ ਲਈ ਕਿ ਜਮੀਨ ਤੇ ਡੇਗ ਦਿਓ ਕਿ ਕਿਵੇਂ ਅਸੀਂ ਇਹ ਸਭ ਚੀਜ਼ਾਂ ਪਰਮੇਸ਼ੁਰ ਨੂੰ ਦੇਂਦੇ ਹਾਂ।

ਪਰਮੇਸ਼ੁਰ ਅੱਗੇ ਫਿਰ ਪ੍ਰਾਰਥਨਾ ਕਰੋ ਕਿ ਉਹ ਸਾਡੀ ਉਨ੍ਹਾਂ ਲੋਕਾਂ ਨੂੰ ਮਾਫ਼ ਕਰਨ ਅਤੇ ਉਨ੍ਹਾਂ ਨੂੰ ਪਿਆਰ ਕਰਨ ਵਿੱਚ ਮਦਦ ਕਰੇ, ਜਿਨ੍ਹਾਂ ਸਾਨੂੰ ਚੋਟ ਪਹੁੰਚਾਈ ਹੈ।

**ਚਿੱਤਰ** : ਬੱਚਿਆਂ ਦੇ ਨਕਲ ਕਰਨ ਲਈ ਬੋਰੀ ਦਾ ਚਿੱਤਰ ਬਣਾਓ। ਉਨ੍ਹਾਂ ਨੂੰ ਇਸ ਬਾਰੇ ਅਗਲੇ ਅਰਾਧਨਾ ਸਮੇਂ ਦੌਰਾਨ ਬਾਲਗਾਂ ਜਾਂ ਉਨ੍ਹਾਂ ਦੇ ਮਾਤਾ ਪਿਤਾ ਨੂੰ ਦੱਸਣ ਦਿਓ। ਇਹ ਇਸ ਗੱਲ ਦੀ ਉਦਾਹਰਣ ਹੈ ਕਿ ਕਿਵੇਂ ਅਸੀਂ ਪਰਿਵਾਰ ਦੇ ਮੈਂਬਰਾਂ ਵਿਰੁੱਧ ਵੈਰ ਭਾਵਾਂ ਨੂੰ ਦੂਰ ਕਰਦੇ ਅਤੇ ਮਾਫ਼ ਕਰਦੇ ਹਾਂ। ਅਸੀਂ ਆਪਣੇ ਵੈਰ ਭਾਵਾਂ ਨੂੰ ਬੋਰੀ ਵਿੱਚ ਪਾ ਦੇਂਦੇ ਹਾਂ ਅਤੇ ਪਰਮੇਸ਼ੁਰ ਨੂੰ ਦੇ ਦੇਂਦੇ ਹਾਂ। ਉਹ ਸਾਡੇ ਪਾਪਾਂ ਨੂੰ ਦੂਰ ਕਰ ਦੇਂਦਾ ਹੈ।



**ਵਿਚਾਰ ਵਿਮਰਸ਼ ਕਰੋ** : ਹੋਰ ਕਿਹੜੀਆਂ ਉਦਾਹਰਣਾਂ ਹਨ, ਜਦੋਂ ਸਾਨੂੰ ਪਰਿਵਾਰ ਦੇ ਮੈਂਬਰਾਂ ਨੂੰ ਉਨ੍ਹਾਂ ਗੱਲਾਂ ਲਈ ਮਾਫ਼ ਕਰਨਾ ਚਾਹੀਦਾ ਹੈ, ਜੋ ਉਨ੍ਹਾਂ ਕੀਤੀਆਂ, ਜਿਨ੍ਹਾਂ ਨੇ ਭੂਤਕਾਲ ਵਿੱਚ ਸਾਨੂੰ ਚੋਟ ਪਹੁੰਚਾਈ?

**ਬੱਚਿਆਂ ਦੀਆਂ ਵਿਅਕਤੀਗਤ ਸਮੱਸਿਆਵਾਂ ਨੂੰ ਹੱਲ ਕਰੋ** :

- ਜੇਕਰ ਬੱਚਿਆਂ ਨੂੰ ਕੋਈ ਸਮੱਸਿਆਵਾਂ ਹਨ, ਤਾਂ ਬਾਕੀ ਸਮੂਹ ਤੋਂ ਵੱਖ ਹੋ ਕੇ, ਉਨ੍ਹਾਂ ਨਾਲ ਸਮਾਂ ਬਿਤਾਓ।
- ਉਨ੍ਹਾਂ ਦੀਆਂ ਸਮੱਸਿਆਵਾਂ ਦੇ ਬੁਨਿਆਦੀ ਕਾਰਨ ਨੂੰ ਸਮਝਣ ਲਈ ਧਿਆਨ ਨਾਲ ਸੁਣੋ। ਮਦਦ ਲਈ ਪ੍ਰਾਰਥਨਾ ਕਰੋ।
- ਸਧਾਰਨ ਸ਼ਿਕਾਇਤਾਂ ਜੋ ਉਹ ਅਕਸਰ ਪਹਿਲਾਂ ਕਰਦੇ ਹਨ, ਉਨ੍ਹਾਂ ਨੂੰ ਹੱਲ ਕਰਨ ਦੀ ਬਜਾਏ ਮੂਲ ਸ਼ਿਕਾਇਤਾਂ ਦਾ ਹੱਲ ਕਰੋ।
- ਸਮੱਸਿਆਵਾਂ ਦਾ ਹੱਲ ਉਚਿੱਤ ਪੱਧਰ ਤੇ ਕਰੋ। ਜੇਕਰ ਜਰੂਰੀ ਹੋਵੇ, ਮਾਤਾ ਪਿਤਾ ਨਾਲ ਗੱਲ ਕਰੋ।
- ਸਿਰਫ ਲੱਛਣਾਂ ਦੀ ਬਜਾਏ, ਸਮੱਸਿਆ ਦੇ ਕਾਰਨ ਤੇ ਪਰਮੇਸ਼ੁਰ ਦਾ ਵਚਨ ਲਾਗੂ ਕਰੋ।
- ਇੱਕ ਸਮੇਂ ਤੇ ਇੱਕ ਸੌਖਾ ਕਦਮ ਲੈ ਕੇ ਬੱਚਿਆਂ ਨੂੰ ਉਨ੍ਹਾਂ ਦਾ ਵਤੀਰਾ ਬਦਲਣ ਵਿੱਚ ਮਦਦ ਕਰੋ।
- ਧਿਆਨ ਦਿਓ ਕਿ ਕਿਤੇ ਬੱਚਾ ਬੁਰੀਆਂ ਭਾਵਨਾਵਾਂ ਤੋਂ ਦੁੱਖੀ ਤੇ ਨਹੀਂ। ਕੀ ਕੁਝ ਆਪਣੇ ਆਪ ਬਾਰੇ ਬੁਰਾ ਮਹਿਸੂਸ ਕਰਦੇ ਹਨ? ਉਨ੍ਹਾਂ ਨੂੰ ਭਰੋਸਾ ਦਿਵਾਓ ਕਿ ਉਹ ਪਰਮੇਸ਼ੁਰ ਦੇ ਬੱਚੇ ਹਨ ਅਤੇ ਪਰਮੇਸ਼ੁਰ ਉਨ੍ਹਾਂ ਨੂੰ ਮਾਫ਼ ਕਰਦਾ ਹੈ ਅਤੇ ਉਨ੍ਹਾਂ ਨੂੰ ਪਿਆਰ ਕਰਦਾ ਹੈ।
- ਕੁਝ ਬੱਚੇ ਜੋ ਬੁਰੇ ਕਾਰਜ ਕਰਦੇ ਹਨ ਉਹ ਸਿਰਫ ਤਵੱਜੋ ਚਾਹੁੰਦੇ ਹਨ। ਦੂਜੇ ਬੱਚਿਆਂ ਜਾਂ ਉਨ੍ਹਾਂ ਦੇ ਮਾਤਾ ਪਿਤਾ ਦੀ ਸੇਵਾ ਕਰਨ ਲਈ ਉਨ੍ਹਾਂ ਨੂੰ ਕੁਝ ਕੰਮ ਕਰਨ ਲਈ ਦਿਓ। ਜੋ ਉਹ ਕਰਦੇ ਹਨ ਉਸ ਲਈ ਉਨ੍ਹਾਂ ਦੀ ਤਾਰੀਫ ਕਰੋ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਨਾਲ ਕੰਮ ਕਰਨ ਦਿਓ। ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ''ਵੱਡੇ ਭਰਾਵਾਂ'' ਦੇ ਤੌਰ ਤੇ ਸੇਵਾ ਕਰਨ ਦਿਓ ਅਤੇ ਉਨ੍ਹਾਂ ਨੂੰ ਸਿਖਾਓ। ਹਰ ਇੱਕ ਬੱਚੇ ਦਾ ਇਕ ''ਵੱਡਾ ਭਰਾ'' ਹੋਵੇ।

**ਅਲਾਪ ਕਰਨਾ** : ਪੰਜ ਬੱਚਿਆਂ ਨੂੰ ਫ਼ਿਲਿੱਪੀਆਂ 2:5-9 ਵਿੱਚੋਂ ਇੱਕ ਆਇਤ ਦਾ ਅਲਾਪ ਕਰਨ ਦਿਓ।

**ਵੱਡੇ ਬੱਚਿਆਂ** ਨੂੰ ਮਾਫ਼ ਕਰਨ ਵਾਲੇ ਪਰਿਵਾਰ ਦੇ ਮੈਂਬਰਾਂ ਬਾਰੇ ਕਵਿਤਾਵਾਂ, ਗੀਤ ਜਾਂ ਨਾਟਕ ਲਿਖਣ ਦਿਓ।

**ਯਾਦ ਕਰੋ**: ਅਫ਼ਸੀਆਂ 4:32

**ਪ੍ਰਾਰਥਨਾ** : ''ਪ੍ਰਭੂ, ਸਾਡੇ ਪਰਿਵਾਰਾਂ ਵਿੱਚ ਉਨ੍ਹਾਂ ਲੋਕਾਂ ਨੂੰ ਮਾਫ਼ ਕਰਨਾ ਬਹੁਤ ਹੀ ਮੁਸ਼ਕਲ ਹੈ ਜਿਹੜੇ ਸਾਨੂੰ ਚੋਟ ਪਹੁੰਚਾਉਂਦੇ ਹਨ। ਸਾਨੂੰ ਮਾਫ਼ ਕਰਨ ਵਿੱਚ ਮਦਦ ਕਰ।''

Copyright 2003 by Paul-Timothy Trainers. May be freely copied. Download from www.Paul-Timothy.net